*ਨਾਨਾਵਤੀ ਕਮਿਸ਼ਨ ਰਿਪੋਰਟਃ*

# ਦਿੱਲੀ ਕਤਲੇਆਮ 1984 ਦੇ ਮੁਜਰਮਾਂ ਨੂੰ ਖੁੱਲ੍ਹੀ ਛੁੱਟੀ

5 ਅਗਸਤ ਨੂੰ ਮਨਮੋਹਨ ਸਿੰਘ ਦੀ ਸਰਕਾਰ ਨੇ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਅਤੇ ਇਹਦੇ ਹਵਾਲੇ ਨਾਲ ਦਿਤੀ ਗਈ ਆਪਣੀ ਰਿਪੋਰਟ ਪਾਰਲੀਮੈਂਟ ਵਿਚ ਪੇਸ਼ ਕੀਤੀ। ਜਸਟਿਸ ਨਾਨਾਵਤੀ ਨੇ ਇਹ ਰਿਪੋਰਟ ਫਰਵਰੀ ਵਿਚ ਸਰਕਾਰ ਨੂੰ ਦੇ ਦਿਤੀ ਸੀ ਅਤੇ ਸਰਕਾਰ ਨੇ 6 ਮਹੀਨਿਆਂ ਬਾਅਦ ਇਹਨੂੰ ਪਾਰਲੀਮੈਂਟ ਵਿਚ ਪੇਸ਼ ਕੀਤਾ।

ਨਾਨਾਵਤੀ ਕਮਿਸ਼ਨ ਕੇਂਦਰੀ ਸਰਕਾਰਾਂ ਵਲੋਂ ਬਿਠਾਇਆ ਗਿਆ 9ਵਾਂ ਕਮਿਸ਼ਨ ਸੀ। ਇਹ ਕਮਿਸ਼ਨ ਪੰਜ ਸਾਲ ਪਹਿਲਾਂ ਬੀ.ਜੇ.ਪੀ. ਦੀ ਸਰਕਾਰ ਨੇ ਦਿੱਲੀ ਵਿਚ ਸਿੱਖਾਂ ਦੇ 1984 ਵਿਚ ਕੀਤੇ ਗਏ ਕਤਲੇਆਮ ਬਾਰੇ ਤਫਤੀਸ਼ ਕਰਨ ਲਈ ਬਿਠਾਇਆ ਸੀ। ਇਸ ਤੋਂ ਪਹਿਲਾਂ ਵੀ ਜਿੰਨੇ ਕਮਿਸ਼ਨ ਬਣਾਏ ਗਏ ਸੀ ਉਨ੍ਹਾਂ ਦੀਆਂ ਰਿਪੋਰਟਾਂ ਤੇ ਘੱਟਾ ਇਕੱਠਾ ਹੋ ਰਿਹਾ ਹੈ। ਸਰਕਾਰ ਨੇ ਇਸ ਕਤਲੇਆਮ ਨੂੰ ਜਥੇਬੰਦ ਕਰਨ ਵਾਲਿਆਂ ਨੂੰ ਹਾਲੇ ਤੱਕ ਕੋਈ ਸਜ਼ਾ ਨਹੀਂ ਦਿਤੀ ਤੇ ਹੁਣ ਵੀ ਇਹੋ ਕੁਝ ਕਰ ਰਹੀ ਹੈ। ਮਿਸਾਲ ਦੇ ਤੌਰ ਤੇ ਇਸ ਰਿਪੋਰਟ ਦੇ ਹਵਾਲੇ ਨਾਲ ਕੀਤੀ ਗਈ ਕਾਰਵਾਈ ਦੀ ਰਿਪੋਰਟ ਵਿਚ ਸਰਕਾਰ ਨੇ ਕਿਹਾ ਹੈ---

"ਦੋਸ਼ੀ ਪੁਲੀਸ ਅਫਸਰਾਂ ਖ਼ਿਲਾਫ਼ ਕੋਈ ਵੀ ਕਾਰਵਾਈ ਕਰਨਾ ਇਸ ਸਮੇਂ ਬੜਾ ਮੁਸ਼ਕਿਲ ਹੈ।" ਇਕ ਹੋਰ ਥਾਂ ਰਿਪੋਰਟ ਦੱਸਦੀ ਹੈ, "ਪੈਨਸ਼ਨ ਦੇ ਕਾਨੂੰਨ ਮੁਤਾਬਿਕ ਕੋਈ ਕਾਰਵਾਈ ਤਾਂ ਹੀ ਮੁਮਕਿਨ ਹੈ ਜੇ ਵਾਰਦਾਤ ਕਾਰਵਾਈ ਕਰਨ ਤੋਂ ਚਾਰ ਸਾਲ ਪਹਿਲਾਂ ਹੋਈ ਹੋਵੇ।"

ਜਗਦੀਸ਼ ਟਾਈਟਲਰ ਬਾਰੇ ਇਹ ਕਾਰਵਾਈ ਰਿਪੋਰਟ ਕਹਿੰਦੀ ਹੈ-

"ਨਾਨਾਵਤੀ ਕਮਿਸ਼ਨ ਦੀ ਰਿਪੋਰਟ ਮੁਤਾਬਿਕ ਜਗਦੀਸ਼ ਟਾਈਟਲਰ ਦਾ ਸ਼ਾਇਦ ਇਸ ਕਤਲੇਆਮ ਵਿਚ ਹੱਥ ਸੀ। ਪਰ ਕਾਨੂੰਨ ਕਿਸੇ ਤੇ ਸਿਰਫ਼ ਸ਼ੱਕ ਦੀ ਬਿਨਾ ਤੇ ਮੁਕੱਦਮਾ ਨਹੀਂ ਚਲਾ ਸਕਦਾ।"

ਦਿੱਲੀ ਦੇ ਪੁਲੀਸ ਕਮਿਸ਼ਨਰ ਟੰਡਨ ਦੇ ਕਿਰਦਾਰ ਬਾਰੇ ਇਹ ਕਾਰਵੀ ਰਿਪੋਰਟ ਕਹਿੰਦੀ ਹੈ---

`ਸਰਕਾਰ ਨੇ ਕਮਿਸ਼ਨ ਦੀ ਰਿਪੋਰਟ ਦਾ ਸੰਜੀਦਗੀ ਨਾਲ ਨੋਟਿਸ ਲਿਆ ਹੈ ਅਤੇ ਪੁਲੀਸ ਅਫਸਰਾਂ ਦੀ ਚੋਣ ਸਮੇਂ ਉਨ੍ਹਾਂ ਦੀ ਕਾਬਲੀਅਤ ਪਰਖ਼ਣ ਬਾਰੇ ਲੋੜੀਂਦਾ ਕਾਰਵਾਈ ਕਰਨ ਲਈ ਕਦਮ ਚੁੱਕੇਗੀ। ਟੰਡਨ ਨੂੰ 12 ਨਵੰਬਰ 1984 ਵਿਚ ਤਬਦੀਲ ਕਰ ਦਿਤਾ ਗਿਆ ਸੀ ਅਤੇ ਹੁਣ ਉਹ ਰਿਟਾਇਰ ਹੋ ਗਿਆ ਹੈ ਅਤੇ ਰਿਟਾਇਰ ਅਫਸਰਾਂ ਖ਼ਿਲਾਫ਼ ਕੋਈ ਕਾਰਵਾਈ ਕਰਨੀ ਬੜੀ ਮੁਸ਼ਕਿਲ ਹੈ।`

ਸੱਜਣ ਕੁਮਾਰ, ਐਚ.ਕੇ.ਐਲ.ਭਗਤ, ਰਾਜੀਵ ਗਾਂਧੀ ਅਤੇ ਨਰਸੀਮ੍ਹਾਂ ਰਾਉ ਨੂੰ ਨਾਨਾਵਤੀ ਕਮਿਸ਼ਨ ਅਤੇ ਉਸ ਹਵਾਲੇ ਨਾਲ ਕੀਤੀ ਗਈ ਕਾਰਵਾਈ ਰਿਪੋਰਟ ਨੇ ਬਿਲਕੁਲ ਹੀ ਬਰੀ ਕਰ ਦਿੱਤਾ ਹੈ--

`ਇਹ ਕਿਹਾ ਗਿਆ ਸੀ ਕਿ ਰਾਜੀਵ ਗਾਂਧੀ ਨੇ ਆਪਣੇ ਇਕ ਅਫਸਰ ਨੂੰ ਕਿਹਾ ਸੀ ਕਿ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ। ਕਮਿਸ਼ਨ ਨੂੰ ਇਸ ਦਾ ਕੋਈ ਸਬੂਤ ਨਹੀਂ ਮਿਲਿਆ। ਇਸ ਦਾ ਕੋਈ ਸਬੂਤ ਮੌਜੂਦ ਨਹੀਂ ਕਿ ਸ੍ਰੀ ਰਾਜੀਵ ਗਾਂਧੀ ਜਾਂ ਕਾਂਗਰਸ ਦੇ ਹੋਰ ਉੱਚ ਪੱਧਰ ਦੇ ਲੀਡਰਾਂ ਨੇ ਸਿੱਖਾਂ ਉਤੇ ਇਹ ਹਮਲੇ ਜਥੇਬੰਦ ਕੀਤੇ ਸੀ।`

ਉਸ ਵੇਲੇ ਦੇ ਗ੍ਰਹਿ ਮੰਤ੍ਰੀ ਨਰਸੀਮ੍ਹਾਂ ਰਾਉ ਬਾਰੇ ਜਸਟਿਸ ਨਾਨਾਵਤੀ ਕਹਿੰਦਾ ਹੈ ਕਿ

`ਕਮਿਸ਼ਨ ਦਾ ਖ਼ਿਆਲ ਹੈ ਕਿ ਗ੍ਰਿਹ ਮੰਤ੍ਰੀ ਵਲੋਂ ਕੋਈ ਦੇਰੀ ਨਹੀਂ ਕੀਤੀ ਗਈ ਸੀ ਅਤੇ ਨਾ ਹੀ ਉਸਨੇ ਕਤਲੇਆਮ ਬਾਰੇ ਕੋਈ ਬੇਰੁਖੀ ਦਿਖਾਈ ਸੀ। ਕੁਝ ਮਸ਼ਹੂਰ ਬੰਦਿਆਂ ਨੇ ਜੋ ਕਿ ਨਰਸੀਮ੍ਹਾਂ ਰਾਉ ਨੂੰ ਕਤਲੇਆਮ ਦੇ ਦਿਨਾਂ ਦੌਰਾਨ ਮਿਲੇ ਸੀ ਇਹ ਖਿਆਲ ਦਿਤਾ ਸੀ ਕਿ ਗ੍ਰਿਹ ਮੰਤ੍ਰੀ ਨੇ ਕਤਲੇਆਮ ਨੂੰ ਰੋਕਣ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ ਸੀ। ਪਰ ਉਨ੍ਹਾਂ ਦਾ ਇਹ ਖਿਆਲ ਗ੍ਰਿਹ ਮੰਤ੍ਰੀ ਦੇ ਕੰਮ ਕਰਨ ਦੇ ਤਰੀਕੇ ਕਰਕੇ ਹੋ ਸਕਦਾ ਹੈ।`

ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਅਗਸਤ 11 ਨੂੰ ਪਾਰਲੀਮੈਂਟ ਵਿਚ ਕਿਹਾ---

`ਮੈਂ ਸਿਰਫ਼ ਸਿੱਖਾਂ ਤੋਂ ਹੀ ਨਹੀਂ ਬਲਕਿ ਸਾਰੇ ਦੇਸ਼ ਤੋਂ ਮੁਆਫ਼ੀ ਮੰਗਦਾ ਹਾਂ ਕਿਉਂਕਿ ਜੋ ਕੁਝ 1984 ਵਿਚ ਵਾਪਰਿਆ ਉਹ ਸਾਡੇ ਦੇਸ਼ ਦੇ ਸੰਵਿਧਾਨ ਵਿਚ ਪਵਿਤਰ ਮੰਨੇ ਗਏ ਕੌਮ ਦੇ ਤਸੱਵਰ ਦੇ ਖ਼ਿਲਾਫ਼ ਹੈ। ਮੈਂ ਕਿਸੇ ਝੂਠੇ ਵਕਾਰ ਤੇ ਨਹੀਂ ਅੜਿਆ ਹੋਇਆ। ਆਪਣੀ ਸਰਕਾਰ ਵਲੋ ਅਤੇ ਇਸ ਮੁਲਕ ਦੇ ਤਮਾਮ ਲੋਕਾਂ ਵੱਲੋਂ, ਮੈਂ ਆਪਣਾ ਸਿਰ ਸ਼ਰਮ ਨਾਲ ਨੀਵਾਂ ਕਰਦਾ ਹਾਂ।

ਜੋ ਬੀਤ ਗਿਆ ਹੈ ਉਹ ਪਿੱਛੇ ਰਹਿ ਗਿਆ ਹੈ। ਪਰ ਅਸੀਂ ਭਵਿਖ ਨੂੰ ਲਿਖ ਸਕਦੇ ਹਾਂ। ਸਾਨੂੰ ਸਾਰਿਆਂ ਲਈ ਇਕ ਬਿਹਤਰ ਭਵਿਖ ਲਿਖਣ ਲਈ ਪੱਕੇ ਇਰਾਦੇ ਦੀ ਲੋੜ ਹੈ।

ਸਾਨੂੰ ਨਵੇਂ ਰਾਹ ਲੱਭਣ ਦੀ ਲੋੜ ਹੈ ਤਾਂ ਕਿ ਮੁਲਕ ਇਸ ਰਾਹ ਤੇ ਦੁਬਾਰਾ ਨਾ ਜਾ ਸਕੇ। ਇਹ ਭਾਵੇ ਗੁਜਰਾਤ ਹੋਵੇ ਜਾਂ ਕੋਈ ਹੋਰ ਥਾਂ ਇਹੋ ਜਿਹੀਆਂ ਵਾਰਦਾਤਾਂ ਦੁਬਾਰਾ ਨਹੀਂ ਹੋਣੀਆਂ ਚਾਹੀਦੀਆਂ।` ਮਨਮੋਹਨ ਸਿੰਘ ਨੇ ਕਿਹਾ ਕਿ ਕਈ ਕਮਿਸ਼ਨ 1984 ਬਾਰੇ ਬਠਾਏ ਗਏ ਹਨ ਅਤੇ ਅਸੀਂ ਸਭ ਜਾਣਦੇ ਹਾਂ ਕਿ ਸਾਨੂੰ ਸੱਚਾਈ ਅਜੇ ਵੀ ਪਤਾ ਨਹੀਂ। ਸਾਡੀ ਤਲਾਸ਼ ਜਾਰੀ ਰਹਿਣੀ ਚਾਹੀਦੀ ਹੈ। ਇਹ ਮੌਜੂਦਾ ਕਮਿਸ਼ਨ ਕੋਈ ਵੱਖਰਾ ਨਹੀਂ ਹੈ।

ਨਾਨਵਤੀ ਕਮਿਸ਼ਨ ਦੀ ਰਿਪੋਰਟ, ਇਹਦੇ ਹਵਾਲੇ ਨਾਲ ਕੀਤੀ ਗਈ ਸਰਕਾਰੀ ਕਾਰਵਾਈ (ਜਾਂ ਕਾਰਵਾਈ ਦੀ ਅਣਹੋਂਦ) ਦੀ ਰਿਪੋਰਟ ਅਤੇ ਪ੍ਰਧਾਨ ਮੰਤ੍ਰੀ ਦੇ ਬਿਆਨਾਂ ਤੋਂ ਇਹ ਸਾਫ ਜ਼ਾਹਿਰ ਹੈ ਕਿ ਹਿੰਦੁਸਤਾਨ ਦੀ ਸਰਕਾਰ ਅਤੇ ਇਸ ਦਾ ਰਾਜ ਤੰਤ੍ਰ ਲੋਕਾਂ ਉੱਤੇ 1984 ਵਿਚ ਕੀਤੇ ਗਏ ਸਿੱਖਾਂ ਦੇ ਕਤਲੇਆਮ ਦੇ ਸਰਗਨੇ ਆਪ ਹਨ। ਪ੍ਰਧਾਨ ਮੰਤਰੀ ਵਲੋਂ ਮੰਗੀ ਗਈ ਮੁਆਫ਼ੀ ਗੁਨਾਹਗਾਰਾਂ ਨੂੰ ਮੁਆਫ਼ ਕਰਨ ਦੀ ਦਰਖ਼ਾਸਤ ਹੈ ਅਤੇ ਵਗਾਏ ਗਏ ਹੰਝੂ ਮਗਰਮੱਛ ਦੇ ਹੰਝੂ ਹਨ। ਸਿਰਫ਼ ਇਹੋ ਹੀ ਨਹੀ ਕਿ ਗੁਨਾਹਗਾਰਾਂ ਨੂੰ ਇਹ ਕਦੇ ਵੀ ਸਜ਼ਾ ਨਹੀਂ ਦੇ ਸਕਦੇ ਬਲਕਿ ਇਸ ਤਰ੍ਹਾਂ ਦੇ ਹੋਰ ਹਮਲੇ ਅਗਾਂਹ ਨੂੰ ਵੀ ਇਹ ਲੋਕਾਂ ਦੇ ਖ਼ਿਲਾਫ਼ ਜਥੇਬੰਦ ਕਰਦੇ ਰਹਿਣਗੇ। ਹਿੰਦੋਸਤਾਨੀ ਰਾਜਤੰਤਰ ਅਤੇ ਹਾਕਮ ਜਮਾਤਾਂ ਦੀ ਇਹ ਪੁਰਾਣੀ ਰੀਤ ਹੈ ਕਿ ਆਪਣਾ ਲੋਟੂ ਰਾਜ ਕਾਇਮ ਰੱਖਣ ਲਈ ਇਹ ਲੋਕਾਂ ਦੇ ਲਹੂ ਦੀ ਹੋਲੀ ਖੇਡਣ ਤੋਂ ਜ਼ਰਾ ਵੀ ਗੁਰੇਜ਼ ਨਹੀਂ ਕਰਦੇ। 2002 ਵਿਚ ਗੁਜਰਾਤ ਵਿਚ ਲੋਕਾਂ ਦਾ ਫਿਰਕੂ ਕਤਲੇਆਮ ਇਸ ਸਿਲਸਿਲੇ ਦੀ ਹੀ ਇਕ ਕੜੀ ਸੀ। ਲਾਜ਼ਮੀ ਹੈ ਕਿ ਰਾਜ ਤੰਤ੍ਰ ਭਵਿਖ ਵਿਚ ਹੋਰ ਵੀ ਇਹੋ ਜਿਹੇ ਕਤਲੇਆਮ ਜਥੇਬੰਦ ਕਰੇਗਾ। ਫਿਰਕੂ ਤਸ਼ੱਦਦ ਅਤੇ ਕਤਲੇਆਮ ਇਸ ਰਾਜ ਤੰਤ੍ਰ ਦਾ ਇਕ ਅਨਿਖੜਵਾਂ ਹਿੱਸਾ ਹੈ।

ਲੋਕਾਂ ਨੂੰ ਹਿੰਦੁਸਤਾਨੀ ਹਾਕਮ ਜਮਾਤਾਂ ਦੇ ਰਾਜ ਤੰਤ੍ਰ ਦੇ ਕਿਸੇ ਵੀ ਅਦਾਰੇ ਕੋਲੋਂ ਕੋਈ ਇਨਸਾਫ ਨਹੀਂ ਮਿਲ ਸਕਦਾ। ਕਤਲੇਆਮ ਦੇ ਮੁਜਰਮਾਂ ਨੂੰ ਸਜ਼ਾ ਦੇਣ ਲਈ ਉਨ੍ਹਾਂ ਨੂੰ ਇਕ ਮੁੱਠ ਹੋਕੇ ਸਭਨਾਂ ਦੇ ਹੱਕਾਂ ਦੀ ਰਾਖੀ ਲਈ ਇਕ ਪੁਰਜ਼ੋਰ ਘੋਲ ਚਲਾਉਣ ਦੀ ਲੋੜ ਹੈ। ਉਨ੍ਹਾਂ ਨੂੰ ਇਨ੍ਹਾਂ ਮੁਜਰਮਾਂ ਨੂੰ ਸਜ਼ਾ ਦੇਣ ਲਈ ਆਪਣੇ ਇਹੋ ਜਿਹੇ ਅਦਾਰੇ ਕਾਇਮ ਕਰਨ ਦੀ ਲੋੜ ਹੈ ਜਿਨ੍ਹਾਂ ਵਿਚ ਲੋਕ ਇਨ੍ਹਾਂ ਮੁਜਰਮਾਂ ਉੱਤੇ ਆਪ ਮੁਕੱਦਮੇ ਚਲਾ ਕੇ ਉਨ੍ਹਾਂ ਨੂੰ ਸਜ਼ਾ ਦੇਣ। ਇਹਦੇ ਨਾਲ ਹੀ ਲੋਕਾਂ ਨੂੰ ਫਿਰਕੂ ਤਸ਼ੱਦਦ ਰੋਕਣ ਲਈ ਜਥੇਬੰਦ ਹੋਣ ਦੀ ਲੋੜ ਹੈ ਤਾਂਕਿ ਰਾਜ ਤੰਤ੍ਰ ਵਲੋਂ ਜਥੇਬੰਦ ਕੀਤੇ ਹੋਏ ਹਮਲਿਆਂ ਦਾ ਮੂੰਹ ਤੋੜ ਜਵਾਬ ਦਿਤਾ ਜਾਵੇ। ਸਿਰਫ਼ ਲੋਕ ਹੀ ਆਪਣੀ ਤਾਕਤ ਤੇ ਨਿਰਭਰ ਹੋ ਕੇ ਇਹੋ ਜਿਹੇ ਕਤਲੇਆਮ ਨੂੰ ਰੋਕ ਸਕਦੇ ਹਨ।